Unique Code : 212101

M.A. (Punjabi) Sem. I-I
Punjabi: Course No - 101
**Paper:**Modern Punjabi Poetry: History, Theory and Tendencies
(Admission of 2009 & onwards)
(Regular)
(Nov.-Dec. 2017)

**ਕੁੱਲ ਸਮਾਂ**:ਤਿੰਨ ਘੰਟੇ **ਕੁਲ ਅੰਕ:**70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ **ਇਕ**, ਦੂਜੇ ਭਾਗ ਵਿਚੋਂ **ਦੋ** ਅਤੇ ਤੀਜੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ **ਸਾਰੇ** ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ-ਪੜਾਵਾਂ ਉੱਤੇ ਵਿਸਤ੍ਰਿਤ ਨੋਟ ਲਿਖੋ।
2. ਪ੍ਰਗਤੀਵਾਦੀ ਪੰਜਾਬੀ ਕਾਵਿ-ਧਾਰਾ ਦੇ ਇਤਿਹਾਸਕ ਤੇ ਸਿਧਾਂਤਕ ਪੱਖ ਉੱਤੇ ਰੋਸ਼ਨੀ ਪਾਉਂਦੇ ਹੋਏ, ਪ੍ਰਗਤੀਵਾਦੀ ਪੰਜਾਬੀ ਕਵੀਆਂ ਨੂੰ ਵੀ ਚਰਚਾ ਦਾ ਵਿਸ਼ਾ ਬਣਾਓ। 1X14=14

## ਭਾਗ ਦੂਜਾ

3. ਪ੍ਰੋ. ਪੂਰਨ ਸਿੰਘ ਦੀ ਕਾਵਿ-ਪੁਸਤਕ 'ਖੁੱਲ੍ਹੇ ਮੈਦਾਨ' ਵਿਚ ਪੇਸ਼ ਪੰਜਾਬੀਅਤ ਦੇ ਸੰਕਲਪ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।
4. ਅੰਮ੍ਰਿਤਾ ਪ੍ਰੀਤਮ ਦੀ ਕਾਵਿ-ਪੁਸਤਕ 'ਸੁਨੇਹੜੇ' ਵਿਚ ਪੇਸ਼ ਪਿਆਰ-ਅਨੁਭਵ ਦਾ ਵਿਸਤਾਰ ਵਿਚ ਚਰਚਾ ਕਰੋ।
5. ਹਰਿਭਜਨ ਸਿੰਘ ਦੀ ਕਾਵਿ-ਪੁਸਤਕ 'ਰੁੱਖ ਤੇ ਰਿਸ਼ੀ' ਦੇ ਅਧਾਰ 'ਤੇ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਹਰਿਭਜਨ ਸਿੰਘ ਦਾ ਸਥਾਨ ਨਿਸ਼ਚਤ ਕਰੋ। 2X14=28

## ਭਾਗ ਤੀਜਾ

6. ਕਿਸੇ ਇਕ ਕਵਿਤਾ ਦੀ ਵਿਹਾਰਕ ਸਮੀਖਿਆ ਕਰੋ: 1x14=14
   ੳ. ਦੋ ਘੜੀਆਂ
   A. ਪੂਰਨ ਨਾਥ ਜੋਗੀ

## ਭਾਗ ਚੌਥਾ

7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ

   **ੳ.** ਪ੍ਰਯੋਗਵਾਦੀ ਪੰਜਾਬੀ ਕਵਿਤਾ ਕਿਸ ਮਨੁੱਖ ਨੂੰ ਪੇਸ਼ ਕਰਨ ਵੱਲ ਰੁਚਿਤ ਸੀ ਤੇ ਕਿਉਂ ?

   **ਅ.** ਚਾਰ ਆਧੁਨਿਕ ਕਾਵਿ-ਰੂਪਾਂ ਦੇ ਨਾਂ ਲਿਖੋ।

   **ੲ.** ਹੇਠ ਲਿਖਿਆਂ ਵਿੱਚੋਂ ਕਿਹੜਾ ਕਵੀ ਕਿਸ ਲਹਿਰ ਨਾਲ ਸੰਬੰਧਤ ਹੈ:

   i) ਰਵਿੰਦਰ ਰਵੀ ii) ਸੰਤ ਰਾਮ ਉਦਾਸੀ iii) ਬਾਵਾ ਬਲਵੰਤ iv) ਪਾਸ਼

   **ਸ.** ਡਾ. ਹਰਿਭਜਨ ਸਿੰਘ ਦੀਆਂ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਕੋਈ ਚਾਰ ਪੁਸਤਕਾਂ ਦੇ ਨਾਂ ਲਿਖੋ।

   **ਹ.** ਪੂਰਨ ਸਿੰਘ ਰਚਿਤ ਕਵਿਤਾ 'ਇਕ ਜੰਗਲੀ ਫੁੱਲ' ਉਤੇ ਸੰਖੇਪ ਨੋਟ ਲਿਖੋ।

   **ਕ.** ਖੁੱਲੀ ਕਵਿਤਾ ਬਾਰੇ ਸੰਖੇਪ ਨੋਟ ਲਿਖੋ।

   **ਖ.** 'ਸੁਨੇਹੜੇ' ਵਿਚ ਚੇਤਰ ਮਹੀਨਾ ਕਿਸ ਗੱਲ ਦਾ ਪ੍ਰਤੀਕ ਹੈ ?

**7X2=14**

Scanned with CamScanner

Unique code : 212102 Roll no....

M.A ( Punjabi ) Sem. I - I
Punjabi Course No. 102
Paper : Adhunik Punjabi Galap : History , Theory and Tendencies
Admission : 2009 and onwards
Regular ( Nov - Dec.2017)

Time : 3 hours Max. Marks : 70

ਨੋਟ : ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ । ਸਾਰੇ ਭਾਗ ਲਾਜ਼ਮੀ ਹਨ । ਹਰ ਭਾਗ ਦੇ ਮੁੱਢ ਵਿਚ ਦਰਜ਼ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ ।

### ਭਾਗ ਪਹਿਲਾ

ਨੋਟ : ਹੇਠ ਲਿਖਿਆਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਉ ।

1.ਪੰਜਾਬੀ ਨਾਵਲ ਦੀਆਂ ਮੂਲ ਪ੍ਰਵਿਰਤੀਆਂ ਬਾਰੇ ਵਿਸਤ੍ਰਿਤ ਨੋਟ ਲਿਖੋ ।

2.ਪੰਜਾਬੀ ਕਹਾਣੀ ਦੇ ਇਤਿਹਾਸ ਬਾਰੇ ਸਮੀਖਿਆਤਮਕ ਅਧਿਐਨ ਉਲੀਕੋ। 14x1=14

### ਭਾਗ ਦੂਜਾ

ਨੋਟ : ਹੇਠ ਲਿਖਿਆਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਉ ।

3. 'ਏਹੁ ਹਮਾਰਾ ਜੀਵਣਾ' ਨਾਵਲ ਵਿਚ ਪੇਸ਼ ਪੇਂਡੂ ਜੀਵਨ ਅੰਦਰ ਨਾਰੀ ਚਿਤਰਣ ਨੂੰ ਚਰਚਾ ਦਾ ਵਿਸ਼ਾ ਬਣਾਓ।
4. 'ਪਰਸਾ' ਨਾਵਲ ਦਾ ਵਿਚਾਰਧਾਰਕ ਅਧਿਐਨ ਉਲੀਕੋ ।
5. 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਮਾਨਵੀ ਜੀਵਨ ਦੇ ਕਿਨ੍ਹਾਂ ਮਸਲਿਆਂ ਦੀ ਨਿਸ਼ਾਨਦੇਹੀ ਕਰਦਾ ਹਚਰਚਾ ਕਰੋ।

14x2=28

### ਭਾਗ ਤੀਜਾ

6. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇੱਕ ਕਹਾਣੀ ਦੀ ਵਿਹਾਰਕ ਸਮੀਖਿਆ ਕਰੋ :-

(ੳ) ਭਾਬੀ ਮੈਨਾ

(ਅ) ਸਵੇਰ ਹੋਣ ਤੱਕ 14x1=14

### ਭਾਗ ਚੌਥਾ

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ :

(ੳ) ਕੋਈ ਚਾਰ ਪ੍ਰਗਤੀਵਾਦੀ ਗਲਪਕਾਰਾਂ ਦੇ ਨਾਂ ਲਿਖੋ ।

(ਅ) 'ਰਾਸ ਲੀਲ੍ਹਾ' ਕਹਾਣੀ ਬਾਰੇ ਟਿੱਪਣੀ ਕਰੋ।

(ੲ) ਸਿਲੇਬਸ ਤੋਂ ਇਲਾਵਾ ਦਲੀਪ ਕੌਰ ਟਿਵਾਣਾ ਦੇ ਕੋਈ ਚਾਰ ਨਾਵਲਾਂ ਦੇ ਨਾਂ ਲਿਖੋ ।

(ਸ) ਕਹਾਣੀ ਦੇ ਸੰਰਚਨਾਤਮਕ ਤੱਤ ਕਿਹੜੇ ਹਨ?

(ਹ) 'ਤਾਸ਼ ਦੀ ਆਦਤ' ਕਹਾਣੀ ਬਾਰੇ ਟਿੱਪਣੀ ਕਰੋ।

(ਕ) 'ਪਰਸਾ' ਨਾਵਲ ਵਿਚ ਪੇਸ਼ 'ਘੜੀ ਭੰਨਣ ਦੀ ਰਸਮ' ਤੋਂ ਕੀ ਭਾਵ ਹੈ, ਟਿੱਪਣੀ ਕਰੋ।

(ਖ) ਬਿਰਤਾਂਤ ਜੁਗਤਾਂ ਤੋਂ ਕੀ ਭਾਵ ਹੈ, ਸਪੱਸ਼ਟ ਕਰੋ। 2x7=14

.................

Scanned with CamScanner

Unique Paper Code :212103

M.A. Punjabi Sem- I-1
Punjabi Course- 103
Course : Punjabi Natak Te Ekangi, Sidhant, Itihas Ate Privirtian
(Admission of 2009 Onwards)
Regular (Dec 2017)

Time:3 Hours

M.Marks:70

ਨੋਟ: ਪਹਿਲੇ ਭਾਗ ਵਿਚੋਂ ਇਕ ਅਤੇ ਦੂਜੇ ਵਿਚੋਂ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ। ਤੀਜੇ ਭਾਗ ਦੇ ਸਾਰੇ ਪ੍ਰਸ਼ਨ ਕਰੋ।

## ਭਾਗ- 1 (14x1=14)

1. ਨਾਟਕ ਨੂੰ ਪਰਿਭਾਸ਼ਤ ਕਰਦਿਆਂ ਇਸ ਦੇ ਮੁੱਖ ਲੱਛਣਾਂ ਅਤੇ ਵਿਸ਼ੇਸ਼ਤਾਵਾਂ ਉੱਤੇ ਰੌਸ਼ਨੀ ਪਾਓ।
2. ਪੰਜਾਬੀ ਨਾਟਕ ਦੀ ਵਿਕਾਸ ਰੇਖਾ ਵਿਚ 1990 ਤੋਂ ਬਾਅਦ ਦੇ ਨਾਟਕ ਦੀ ਕੀ ਭੂਮਿਕਾ ਹੈ। ਚਰਚਾ ਕਰੋ।

## ਭਾਗ-2 (14x3=42)

3. ਬਲਵੰਤ ਗਾਰਗੀ ਰਚਿਤ ਨਾਟ ਸੰਗ੍ਰਹਿ 'ਐਕਟ੍ਰੈੱਸ' ਦੇ ਮੁੱਖ ਸਰੋਕਾਰਾਂ ਨਾਲ ਜਾਣ-ਪਛਾਣ ਕਰਾਓ।
4. ਮਨਜੀਤ ਪਾਲ ਕੌਰ ਰਚਿਤ ਨਾਟਕ 'ਸੁੰਦਰਾਂ' ਵਿਚ ਮਿੱਥ ਦਾ ਇਤਿਹਾਸਕ ਰੂਪਾਂਤਰਣ ਹੋਇਆ ਹੈ। ਉਦਾਹਰਨਾਂ ਸਹਿਤ ਸਿੱਧ ਕਰੋ।
5. 'ਕਿੰਗ, ਮਿਰਜ਼ਾ ਤੇ ਸਪੇਰਾ' ਪੰਜਾਬੀ ਨਾਟਕ ਸਾਹਿਤ ਵਿਚ ਆਪਣੀ ਭਾਂਤ ਦਾ ਪਹਿਲਾ ਨਾਟਕ ਹੈ। ਸ਼ੈਲੀ ਦੇ ਆਧਾਰ 'ਤੇ ਅਧਿਐਨ ਕਰੋ।
6. 'ਐਕਟ੍ਰੈੱਸ' ਨਾਟ-ਸੰਗ੍ਰਹਿ ਵਿਚੋਂ ਨਾਰੀ ਸਰੋਕਾਰਾਂ ਦਾ ਬਿੰਬ ਕਿਸ ਰੂਪ ਵਿਚ ਉਭਰਦਾ ਹੈ? ਚਰਚਾ ਕਰੋ।

## ਭਾਗ-3 (7x2=14)

ੳ. ਨਾਟਕ 'ਸੁੰਦਰਾਂ' ਵਿਚ ਸੁੰਦਰਾਂ ਦੀਆਂ ਦੋ ਸਹੇਲੀਆਂ ਦੇ ਨਾਮ ਲਿਖੋ।
ਅ. ਨਾਟਕ 'ਕਿੰਗ, ਮਿਰਜ਼ਾ ਤੇ ਸਪੇਰਾ' ਦੇ ਮੁੱਖ ਪਾਤਰ ਮਰਨ ਮਗਰੋਂ ਕੀ ਆਸ ਲਾਈ ਬੈਠੇ ਹਨ?
ੲ. ਨਾਟ-ਸੰਗ੍ਰਹਿ 'ਐਕਟ੍ਰੈੱਸ' ਦੇ ਨਾਟਕ 'ਲੀਡਰ' ਦੇ ਦੋ ਮੁੱਖ ਪਾਤਰਾਂ ਦੇ ਨਾਮ ਲਿਖੋ?
ਸ. ਪਹਿਲੀ ਪੀੜ੍ਹੀ ਦੇ ਦੋ ਨਾਟਕਕਾਰਾਂ ਦੇ ਨਾਮ ਲਿਖੋ।
ਹ. ਰੰਗ-ਮੰਚ ਵਿਚ ਰੂਪ-ਸੱਜਾ ਦੇ ਮਹੱਤਵ ਬਾਰੇ ਸੰਖੇਪ ਵਿਚ ਨੋਟ ਲਿਖੋ।
ਕ. ਨਾਟਕ ਦੇ ਪ੍ਰਯੋਜਨ ਬਾਰੇ ਸੰਖੇਪ ਚਰਚਾ ਕਰੋ।
ਖ. ਪੰਜਾਬ ਸੰਕਟ ਨਾਲ ਸਬੰਧਤ ਦੋ ਨਾਟਕਾਂ ਦੇ ਨਾਮ ਲਿਖੋ।

Scanned with CamScanner

Unique Code: 212104(i) Roll No...

M.A. Punjabi Sem.I-I

Punjabi: Course No-104(1)

Paper: Pakistani Punjabi Sahit: History, Theory and Tendencies

(Admission of 2009 & onwards)

Regular

( Nov-Dec, 2017)

ਸਮਾਂ:3 ਘੰਟੇ ਕੁੱਲ ਅੰਕ:70

ਨੋਟ-ਪਹਿਲੇ ਭਾਗ ਵਿਚੋਂ ਇਕ, ਦੂਜੇ ਵਿਚੋਂ ਦੋ, ਤੀਜੇ ਵਿਚੋਂ ਇਕ ਪ੍ਰਸ਼ਨ ਕਰੋ। ਚੌਥੇ ਭਾਗ ਦੇ ਸਾਰੇ ਪ੍ਰਸ਼ਨ ਕਰੋ।

ਭਾਗ ਪਹਿਲਾ 14

1. ਹਿੰਦ-ਪਾਕ ਵੰਡ ਦੇ ਪਿਛੋਕੜ ਵਿਚ ਕਾਰਜਸ਼ੀਲ ਪ੍ਰਮੁੱਖ ਕਾਰਨ ਕਿਹੜੇ ਹਨ? ਚਰਚਾ ਕਰੋ।

ਜਾਂ

ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਦਾ ਬੁਨਿਆਦੀ ਮਸਲਾ ਕੀ ਹੈ? ਇਸ ਮਸਲੇ ਦੇ ਪੰਜਾਬੀ ਜੁਬਾਨ ਉੱਪਰ ਪੈਣ ਵਾਲੇ ਪ੍ਰਭਾਵ ਉੱਪਰ ਰੋਸ਼ਨੀ ਪਾਉ।

ਭਾਗ ਦੂਜਾ 14x2=28

2. ਪਾਠ-ਪੁਸਤਕ 'ਦੁੱਖ ਦਰਿਆਉਂ ਪਾਰ ਦੇ' ਆਧਾਰ 'ਤੇ, ਪਾਕਿਸਤਾਨੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਲੱਛਣਾਂ ਨਾਲ ਜਾਣ-ਪਛਾਣ ਕਰਾਉ।

3. 'ਰਾਵੀਉਂ ਪਾਰ' ਕਹਾਣੀ ਸੰਗਹਿ ਵਿਚ ਪੇਸ਼ ਪਾਕਿਸਤਾਨੀ ਸਮਾਜ ਦੇ ਵਿਭਿੰਨ ਮਸਲਿਆਂ ਬਾਰੇ ਚਰਚਾ ਕਰੋ।

4. 'ਬੇਵਤਨਾ' ਨਾਵਲ ਦੀ ਵਿਧੀ ਬਾਰੇ ਦੱਸਦੇ ਹੋਏ ਇਸਦਾ ਥੀਮਿਕ ਅਧਿਐਨ ਪੇਸ਼ ਕਰੋ।

Scanned with CamScanner

## ਭਾਗ ਤੀਜਾ

5. 'ਅੰਮ੍ਰਿਤਾ ਦੇ ਨਾਂ ਇਕ ਖ਼ਤ' ਕਵਿਤਾ ਦਾ ਵਿਹਾਰਕ ਵਿਸ਼ਲੇਸ਼ਣ ਕਰੋ।

ਜਾਂ

ਅਕਬਰ ਲਾਹੌਰੀ ਦੀ ਕਹਾਣੀ 'ਚਿੜੀ ਘਰ ਦੀ ਕਹਾਣੀ' ਦਾ ਆਲੋਚਨਾਤਮਕ ਅਧਿਐਨ ਕਰੋ।

## ਭਾਗ ਚੌਥਾ

6. ਸੰਖੇਪ ਉੱਤਰ ਦਿਉ: 7x2=14

(ੳ) ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਕਿਉਂ ਨਹੀਂ ਹੋਈ?

(ਅ) ਕੀ ਹਿੰਦ-ਪਾਕਿ ਵੰਡ ਨੂੰ ਪੰਜਾਬੀਅਤ ਦੀ ਵੰਡ ਕਿਹਾ ਜਾ ਸਕਦਾ ਹੈ?

(ੲ) ਤਕਨੀਕ ਦੇ ਪੱਖ ਤੋਂ ਪਾਕਿਸਤਾਨੀ ਪੰਜਾਬੀ ਸਾਹਿਤ ਭਾਰਤੀ ਪੰਜਾਬੀ ਸਾਹਿਤ ਤੋਂ ਕਿਸ ਤਰ੍ਹਾਂ ਵੱਖਰਾ ਹੈ?

(ਸ) ਕਹਾਣੀ 'ਬੰਨੇ-ਚੰਨੇ ਦੇ ਭਰਾ' ਵਿਚ ਘੋੜੇ ਦੀ ਕਿਹੋ ਜਿਹੀ ਤਸਵੀਰਕਸ਼ੀ ਹੋਈ ਹੈ?

(ਹ) ਸਤਨਾਮ ਮਹਿਮੂਦ ਦੀ ਕਹਾਣੀ 'ਜੰਗ' ਦਾ ਵਿਸ਼ਾ ਕੀ ਹੈ?

(ਕ) 'ਸੱਚ' ਕਹਾਣੀ ਵਿਚ ਸ਼ਫ਼ਕਤ ਸੁਲਤਾਨਾ ਕਿਸ ਸੱਚ ਦੀ ਗੱਲ ਕਰਦੀ ਹੈ?

(ਖ) 'ਚੌਰਸ ਕਿੱਲ' ਕਿਸ ਅਰਥ ਦਾ ਪ੍ਰਤੀਕ ਹੈ?

Scanned with CamScanner

PG-212104(ii) Roll No. ...............

M.A. (Punjabi) Sem. I-II
Punjabi: Course No – 104(ii)
**Paper:** Tulnatmak Bharti Sahit: History, Theory and Tendencies
(Admission of 2009 & onwards)
(Regular)
(Nov-Dec. 2017)

ਕੁੱਲ ਸਮਾਂ: ਤਿੰਨ ਘੰਟੇ ਕੁੱਲ ਅੰਕ:70

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਤੁਲਨਾਤਮਕ ਸਾਹਿਤ ਦੇ ਵਿਭਿੰਨ ਸਕੂਲਾਂ, ਖੇਤਰਾਂ ਅਤੇ ਇਸ ਦੇ ਮਹੱਤਵ ਬਾਰੇ ਵਿਸਤਾਰ ਸਹਿਤ ਚਰਚਾ ਕਰੋ।
2. ਹਿੰਦੀ ਨਾਟਕ ਦੇ ਇਤਿਹਾਸਕ ਵਿਕਾਸਕ੍ਰਮ ਨੂੰ ਉਲੀਕਦਿਆਂ ਇਕ ਵਿਸਤਾਰਪੂਰਵਕ ਨੋਟ ਲਿਖੋ।

1X14=14

## ਭਾਗ ਦੂਜਾ

3. "ਵਿਸ਼ਨੂੰ ਸਖਾਰਾਮ ਖਾਂਡੇਕਰ ਰਚਿਤ ਨਾਵਲ 'ਯਯਾਤੀ' ਜੋਗ ਅਤੇ ਭੋਗ ਦੇ ਤਣਾਅ ਵਿਚੋਂ ਅਕਾਰ ਗ੍ਰਹਿਣ ਕਰਦਾ ਹੈ" ਇਸ ਕਥਨ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ।
4. ਮੋਹਨ ਰਾਕੇਸ਼ ਰਚਿਤ ਨਾਟਕ 'ਅੱਧੇਅਧੂਰੇ' ਦਾ ਵਿਸ਼ੇਗਤ ਅਧਿਐਨ ਪ੍ਰਸਤੁਤ ਕਰੋ।
5. ਰਾਜਸਥਾਨੀ ਕਵਿਤਾ ਦੇ ਇਤਿਹਾਸ ਬਾਰੇ ਵਿਸਤਾਰਪੂਰਵਕ ਨੋਟ ਲਿਖੋ।

2X14=28

## ਭਾਗ ਤੀਜਾ

6. ਹੇਠਾਂ ਦਰਜ ਕਵਿਤਾਵਾਂ ਵਿਚੋਂ ਕਿਸੇ ਇਕ ਕਵਿਤਾ ਦੀ ਵਿਹਾਰਕ ਸਮੀਖਿਆ ਕਰੋ:

ੳ. ਮਾਂ
ਅ. ਅਗਨ-ਸ਼ਨਾਨ

1X14=14

## ਭਾਗ ਚੌਥਾ

7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ-

ੳ) ਤੁਲਨਾਤਮਕ ਸਾਹਿਤ ਇਕ ਵਿਸ਼ੇ ਵਜੋਂ ਪੰਜਾਬ ਦੀਆਂ ਕਿਹੜੀਆਂ ਯੂਨੀਵਰਸਿਟੀਆਂ ਦੇ ਪਾਠਕ੍ਰਮ ਦਾ ਹਿੱਸਾ ਬਣਾਇਆ ਗਿਆ ਹੈ?

ਅ) 'ਅੱਧੇ-ਅਧੂਰੇ'ਨਾਟਕ ਵਿਚ ਪੇਸ਼ ਪਰਿਵਾਰ ਦਾ ਸਮਾਜਕ ਪੱਧਰ ਕਿਹੋ ਜਿਹਾ ਹੈ?

ੲ) ਨਾਟਕ 'ਅੱਧੇ-ਅਧੂਰੇ' ਦੇ ਪਾਤਰ ਅਸ਼ੋਕ ਬਾਰੇ ਇਕ ਸੰਖੇਪ ਟਿੱਪਣੀ ਲਿਖੋ।

ਸ) ਕੋਈ ਚਾਰ ਹਿੰਦੀ ਨਾਵਲਕਾਰਾਂ ਦੇ ਨਾਂ ਲਿਖੋ।

ਹ) ਨਾਵਲ 'ਯਯਾਤੀ' ਦੇ ਪਾਤਰ ਕੱਚ ਬਾਰੇ ਸੰਖੇਪ ਨੋਟ ਲਿਖੋ?

ਕ) ਰਾਜਸਥਾਨੀ ਕਵੀ ਚੰਦਰ ਪ੍ਰਕਾਸ਼ ਦੇਵਲ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਕੀ ਹੈ?

ਖ) ਕਨੱਈਆ ਲਾਲ ਸੇਠੀਆ ਅਤੇ ਅਰਜੁਨ ਦੇਵ ਚਾਰਣ ਦੀਆਂ ਕਵਿਤਾਵਾਂ ਦਾ ਪੰਜਾਬੀ ਅਨੁਵਾਦ ਕਰਨ ਵਾਲੇ ਕਵੀਆਂ ਦੇ ਨਾਂ ਲਿਖੋ ।

7X2=14

Scanned with CamScanner

copy

Department of Punjabi, University of Delhi, Delhi-07.

Roll No..................

P-212301

M.A.(Punjabi)Sem.II-1

Punjabi: Course-301

Classical Sidhant Chintan da Tulnatmak Adhian: History, Theory and Tendencies

(Admission of 2009 & onwards)

Regular

(Nov.-Dec. 2017)

Time: 3 Hours

Maximum Marks:70

ਨੋਟ: ਪਹਿਲੇ ਚਾਰ ਭਾਗਾਂ ਵਿਚੋਂ ਕੋਈ ਇਕ-ਇਕ ਪ੍ਰਸ਼ਨ ਕਰੋ ਅਤੇ ਪੰਜਵੇਂ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

**ਭਾਗ-ਪਹਿਲਾ**

1. ਭਾਰਤੀ ਕਾਵਿ ਸ਼ਾਸਤਰੀਆਂ ਨੇ ਕਾਵਿ ਨੂੰ ਕਿਵੇਂ ਪਰਿਭਾਸ਼ਤ ਕੀਤਾ ਹੈ?ਕਾਵਿ ਦੇ ਸਰੂਪ ਅਤੇ ਪ੍ਰਯੋਜਨ ਬਾਰੇ ਭਾਰਤੀ ਕਾਵਿ ਸ਼ਾਸਤਰੀ ਦ੍ਰਿਸ਼ਟੀ ਤੋਂ ਅਧਿਐਨ ਪੇਸ਼ ਕਰੋ।
2. ਭਾਰਤੀ ਕਾਵਿ ਸ਼ਾਸਤਰੀ ਪਰੰਪਰਾ ਦੇ ਇਤਿਹਾਸਕ ਪਿਛੋਕੜ ਉਤੇ ਚਾਨਣਾ ਪਾਓ। 15

**ਭਾਗ-ਦੂਜਾ**

3. ਸਾਧਾਰਨੀਕਰਨ ਤੋਂ ਕੀ ਭਾਵ ਹੈ?ਕਿਹੜੇ-ਕਿਹੜੇ ਭਾਵਾਂ ਦਾ ਸਾਧਾਰਨੀਕਰਨ ਹੁੰਦਾ ਹੈ?ਉਦਾਹਰਨਾਂ ਸਹਿਤ ਸਪੱਸ਼ਟ ਕਰੋ।
4. ਧੁਨੀ ਸਿਧਾਂਤ ਦਾ ਆਧਾਰ ਸ਼ਬਦ ਦੀ ਕਿਹੜੀ ਸ਼ਕਤੀ ਹੈ?ਭਾਰਤੀ ਕਾਵਿ ਸ਼ਾਸਤਰ ਵਿਚ ਸ਼ਬਦ ਦੀਆਂ ਕਿੰਨੀਆਂ ਸ਼ਕਤੀਆਂ ਦੀ ਚਰਚਾ ਮਿਲਦੀ ਹੈ?ਕ੍ਰਮਵਾਰ ਉਦਾਹਰਨਾਂ ਸਹਿਤ ਵੇਰਵਾ ਦਿਓ। 15

**ਭਾਗ=ਤੀਜਾ**

5. ਤ੍ਰਾਸਦੀ ਤੋਂ ਕੀ ਭਾਵ ਹੈ?ਅਰਸਤੂ ਦੁਆਰਾ ਦੱਸੇ ਗਏ ਤ੍ਰਾਸਦੀ ਦੇ ਸਰੂਪ ਉਤੇ ਵਿਸਤ੍ਰਿਤ ਨੋਟ ਲਿਖੋ।
6. ਪਲੈਟੋ ਅਤੇ ਅਰਸਤੂ ਦੇ ਸਾਹਿਤ ਸੰਬੰਧੀ ਕਿਹੋ ਜਿਹੇ ਮਤਭੇਦ ਹਨ? ਅਰਸਤੂ ਦੇ ਅਨੁਕਰਨ ਸਿਧਾਂਤ ਦੀ ਵਿਆਖਿਆ ਕਰੋ। 15

**ਭਾਗ-ਚੌਥਾ**

7. ਲੌਨਜਾਈਨਸ ਦੁਆਰਾ ਦਿੱਤੇ ਉਦਾਤ ਸਿਧਾਂਤ ਬਾਰੇ ਚਰਚਾ ਕਰੋ?
8. ਲੌਨਜਾਈਨਸ ਦੁਆਰਾ ਦਿੱਤਾ ਗਿਆ ਉਦਾਤ ਦਾ ਸਿਧਾਂਤ ਕੀ ਹੈ?ਉਹ ਇਸ ਵਿਚ ਕਿਹੜੇ ਗੁਣ-ਦੋਸ਼ਾਂ ਦੀ ਚਰਚਾ ਕਰਦਾ ਹੈ? 15

**ਭਾਗ-ਪੰਜਵਾਂ**

**ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ:-**

1. ਮਹਾਂਕਾਵਿ ਦੇ ਸਰੂਪ ਬਾਰੇ ਕੋਈ ਪੰਜ ਨੁਕਤੇ ਲਿਖੋ।
2. ਨਾਟਕ ਦੀਆਂ ਕੋਈ ਦੋ ਸੰਧੀਆਂ ਦੱਸੋ।
3. ਰਸ ਸੰਪ੍ਰਦਾਇ ਨਾਲ ਜੁੜੇ ਚਾਰ ਆਚਾਰੀਆਂ ਦੇ ਨਾਂ ਲਿਖੋ।
4. ਤ੍ਰਾਸਦੀ ਦੇ ਨਾਇਕ ਦੇ ਸਰੂਪ ਬਾਰੇ ਸੰਖੇਪ ਵਿਚ ਲਿਖੋ।
5. ਵਿਰੇਚਨ ਤੋਂ ਕੀ ਭਾਵ ਹੈ? 10

Scanned with CamScanner

M.A.(Punjabi) Sem.II-1
Punjabi: Course No - 302
Unique Code : 212302
Paper: Punjabi Sufi Kaav : History, Theory and Tendencies
(Admission of 2009& onwards)
(Regular)
(Nov.-Dec. 2017)

ਕੁੱਲ ਸਮਾਂ: ਤਿੰਨ ਘੰਟੇ ਕੁੱਲ ਅੰਕ:70

ਨੋਟ:ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਦੋ ਅਤੇ ਤੀਜੇ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਓ। ਚੌਥੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਸੂਫੀ ਮਤ ਨਾਲ ਸੰਬੰਧਿਤ ਪ੍ਰਮੁੱਖ ਸੰਕਲਪਾਂ ਬਾਰੇ ਵਿਸਤਾਰਪੂਰਵਕ ਚਰਚਾ ਕਰੋ।
2. ਪੰਜਾਬੀ ਸੂਫੀ ਕਾਵਿ ਦੇ ਇਤਿਹਾਸਕ ਵਿਕਾਸ ਨਾਲ ਜਾਣ-ਪਛਾਣ ਕਰਵਾਓ ।

14 x 1= 14

## ਭਾਗ ਦੂਜਾ

3. ਫਰੀਦ ਬਾਣੀ ਵਿਚ ਨਾਸ਼ਮਾਨਤਾ ਅਤੇ ਸਦਾਚਾਰਕ ਪੱਖ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।
4. ਬੁੱਲੇ ਦੀਆਂ ਕਾਫ਼ੀਆਂ ਵਿਚ ਪੇਸ਼ 'ਇਸ਼ਕ' ਦੇ ਸੰਕਲਪ ਬਾਰੇ ਆਪਣੇ ਵਿਚਾਰ ਪ੍ਰਗਟਾਓ।
5. ਸੁਲਤਾਨ ਬਾਹੂ ਦੀਆਂ 'ਸੀਹਰਫ਼ੀਆਂ' ਵਿਚੋਂ ਕਿਸ ਪ੍ਰਕਾਰ ਦੀ ਵਿਚਾਰਧਾਰਾ ਦਾ ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ? ਸਪਸ਼ਟ ਕਰੋ।

14 x 2= 28

## ਭਾਗ ਤੀਜਾ

6. ਹੇਠ ਲਿਖੇ ਕਿਸੇ ਇਕ ਕਾਵਿ-ਟੋਟੇ ਦੀ ਵਿਹਾਰਕ ਸਮੀਖਿਆ ਕਰੋ :

(ੳ) ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥
ਰਤੇ ਇਸਕ ਖੁਦਾਇ ਰੰਗ ਦੀਦਾਰ ਕੇ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰ ਥੀਏ॥1॥ ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨ ਜਣੇਦੀ ਮਾਉ ਆਏ ਸਫਲੁ ਸੇ॥2॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥3॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸ਼ੇਖ ਫਰੀਦੈ ਖੈਰੁ ਦੀਜੈ ਬੰਦਗੀ॥4॥1॥



Scanned with CamScanner

ਜਾਂ

ਸਾਧੋ ਕਿਸ ਨੂੰ ਕੂਕ ਸੁਣਾਵਾਂ
ਮੇਰੀ ਬੁੱਕਲ ਦੇ ਵਿਚ ਚੋਰ।
ਕਿਤੇ ਰਾਮਦਾਸ ਕਿਤੇ ਫਤਿਹ ਮੁਹੰਮਦ, ਇਹੋ ਕਦੀਮੀ ਸ਼ੋਰ।
ਮੁਸਲਮਾਨ ਸੜਨ ਤੋਂ ਚਿੜਦੇ, ਹਿੰਦੂ ਚਿੜਦੇ ਗੋਰ।
ਸਾਧੋ ਕਿਸ ਨੂੰ ਕੂਕ ਸੁਣਾਵਾਂ।
ਦੋਵੇਂ ਆਪੋ ਵਿਚ ਲੜਦੇ ਭਿੜਦੇ, ਨਿੱਤ ਨਿੱਤ ਕਰਦੇ ਖੋਰ।
ਚੁਕ ਸਭ ਝਗੜੇ ਝੇੜੇ, ਨਿਕਲ ਪਿਆ ਕੋਈ ਹੋਰ।
ਸਾਧੋ ਕਿਸ ਨੂੰ ਕੂਕ ਸੁਣਾਵਾਂ।
ਜਿਸ ਢੂੰਡ ਪਾਇਆ ਤਿਸ ਪਾਇਆ, ਨਾਹੀ ਝੁਰ ਝੁਰ ਹੋਇਆ ਮੋਰ।
ਪੀਰ ਪੀਰਾਂ ਬਗਦਾਦ ਅਸਾਡਾ, ਮੁਰਸ਼ਦ ਤਖਤ ਲਾਹੌਰ।
ਸਾਧੋ ਕਿਸ ਨੂੰ ਕੂਕ ਸੁਣਾਵਾਂ।
ਓਹ ਸੀ ਸਭ ਇਕੋ ਕੋਈ, ਆਪ ਗੁੱਡੀ ਆਪ ਡੋਰ।
ਜਿਹੜਾ ਲੇਖ ਮੱਥੇ ਦਾ ਲਿਖਿਆ, ਕੌਣ ਕਰੇ ਭੰਨ ਤੜ।
ਸਾਧੋ ਕਿਸ ਨੂੰ ਕੂਕ ਸੁਣਾਵਾਂ।
ਓਹਾ ਆਪ ਸਾਈਂ ਜਿਸ ਨੂੰ ਭਾਲ ਲਏ, ਮੈਨੂੰ ਓਸੇ ਦੀ ਗਤ ਜੋਰ।
ਤੁਸੀਂ ਪਕੜ ਲਵੋ ਤਾਂ ਮੈਂ ਦੱਸਣਾ ਹਾਂ, ਬੁੱਲ੍ਹਾ ਸ਼ਾਹ ਦਾ ਚੁਗਲੀ-ਖੋਰ।
ਸਾਧੋ ਕਿਸ ਨੂੰ ਕੂਕ ਸੁਣਾਵਾਂ
ਮੇਰੀ ਬੁੱਕਲ ਦੇ ਵਿਚ ਚੋਰ।

14 x 1= 14

## ਭਾਗ ਚੌਥਾ

7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸਪਸ਼ਟ ਅਤੇ ਸੰਖੇਪ ਉੱਤਰ ਦਿਓ :
   ੳ. ਸੂਫੀ ਸ਼ਬਦ ਦੇ ਚਾਰ ਵਿਭਿੰਨ ਅਰਥ ਦੱਸੋ ?
   ਅ. 'ਕਾਫ਼ੀ' ਰੂਪਾਕਾਰ ਬਾਰੇ ਸੰਖੇਪ ਚਰਚਾ ਕਰੋ।
   ੲ. ਸ਼ੇਖ ਫ਼ਰੀਦ ਰਚਿਤ ਕੋਈ ਦੋ ਸਲੋਕ ਸ਼ੁੱਧ ਰੂਪ ਵਿਚ ਲਿਖੋ।
   ਸ. 'ਕੁੱਪੀ ਦੇ ਵਿਚ ਰੋੜ ਖੜਕਦਾ' ਤੋਂ ਬੁੱਲ੍ਹੇ ਦਾ ਕੀ ਭਾਵ ਹੈ?
   ਹ. ਬਾਹੂ ਦੀਆਂ ਸੀਹਰਫ਼ੀਆਂ ਵਿਚ ਪੰਜਾਬੀ ਲੋਕਧਾਰਾ ਦੇ ਕਿਹੜੇ ਤੱਤ ਪੇਸ਼ ਹੋਏ ਹਨ, ਉਨ੍ਹਾਂ ਬਾਰੇ ਸੰਖੇਪ ਟਿੱਪਣੀ ਕਰੋ।
   ਕ. ਬੁੱਲ੍ਹਾ ਕਿਸ ਸੂਫੀ ਸੰਪਰਦਾਏ ਨਾਲ ਸੰਬੰਧ ਰੱਖਦਾ ਸੀ? ਉਸਦਾ ਨਾਂ ਦੱਸੋ।
   ਖ. ਸੂਫੀ ਪਰੰਪਰਾ ਵਿਚ 'ਵਹਿਦਤ-ਉਲ-ਵਜੂਦ' ਤੋਂ ਕੀ ਭਾਵ ਹੈ?

2 x 7= 14



Scanned with CamScanner

2303

Roll No.............

M.A.(Punjabi) Sem. II-I
Course No-303
Paper: Punjabi Qissa te Vaar kav : History, Theory and Tendencies
(Admission of 2009& onwards)
(Regular)
(Nov-Dec 2017)

**ਕੁੱਲ ਸਮਾਂ:ਤਿੰਨ ਘੰਟੇ** **ਕੁੱਲ ਅੰਕ:70**

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ **ਇਕ** ,ਭਾਗ ਦੂਜਾ ਵਿਚੋਂ **ਦੋ**, ਤੀਜੇ ਵਿਚੋਂ **ਇਕ** ਅਤੇ ਚੌਥੇ ਭਾਗ ਦੇ **ਸਾਰੇ** ਪ੍ਰਸ਼ਨ ਲਾਜ਼ਮੀ ਹਨ।

## ਭਾਗ ਪਹਿਲਾ

1. ਪੰਜਾਬੀ ਕਿੱਸਾ-ਕਾਵਿ ਦੀਆਂ ਬਿਰਤਾਂਤਕ ਜੁਗਤਾਂ ਉਪਰ ਵਿਸਤ੍ਰਿਤ ਨੋਟ ਲਿਖੋ।

ਜਾਂ

ਵਾਰ-ਕਾਵਿ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਨਾਲ ਜਾਣ-ਪਛਾਣ ਕਰਾਓ। 14×1=14

## ਭਾਗ ਦੂਜਾ

2. 'ਹੀਰ ਵਾਰਿਸ ਸ਼ਾਹ' ਅਠਾਰਵੀਂ ਸਦੀ ਦੇ ਪੰਜਾਬ ਦਾ ਸਮਾਜਕ ਸਭਿਆਚਾਰਕ ਦਸਤਾਵੇਜ਼ ਹੈ। ਇਸ ਕਥਨ ਦੀ ਪ੍ਰੋੜਤਾ ਵਿਚ ਆਪਣੇ ਵਿਚਾਰ ਪੇਸ਼ ਕਰੋ।
3. 'ਸੱਸੀ ਹਾਸ਼ਮ' ਵਿਚ ਹੋਣੀ ਦੇ ਸੰਕਲਪ ਬਾਰੇ ਵਿਸਤ੍ਰਿਤ ਰੂਪ ਵਿਚ ਚਰਚਾ ਕਰੋ।
4. 'ਚੰਡੀ ਦੀ ਵਾਰ' ਦੀਆਂ ਕਲਾਤਮਕ ਵਿਸ਼ੇਸ਼ਤਾਵਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 14×2=28

## ਭਾਗ ਤੀਜਾ

5. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦਾ ਵਿਹਾਰਕ-ਵਿਸ਼ਲੇਸ਼ਣ ਕਰੋ:-

ਓੜਕ ਵਕਤ ਕਹਿਰ ਦੀਆਂ ਕੂਕਾਂ,
ਸੁਣ ਪੱਥਰ ਢਲ ਜਾਵੇ।
'ਜਿਸ ਡਾਚੀ' ਮੇਰਾ ਪੁੰਨੂੰ ਖੜਿਆ,
ਮਰ ਦੋਜ਼ਖ ਵੱਲ ਜਾਵੇ।
ਵਾਂਗ ਸੱਸੀ ਜਲ ਜਾਵੇ।
ਜਾਂ ਉਸ ਨਿਹੁੰ ਲਗੇ ਵਿਚ ਬਿਰਹੋਂ,
ਹਾਸ਼ਮ ਮੌਤ ਪਵੇ ਕਰਵਾਨਾ,
ਤੁਖ਼ਮ ਜ਼ਮੀਨੋਂ ਜਾਵੇ।

ਜਾਂ

Scanned with CamScanner

ਕੂਕੇ ਮਾਰ ਹੀ ਮਾਰ ਤੇ ਪਕੜ ਛਮਕਾਂ, ਪਰੀ ਆਦਮੀ ਤੇ ਕਹਿਰਵਾਨ ਹੋਈ।
ਰਾਂਝੇ ਉਠ ਕੇ ਆਖਿਆ 'ਵਾਹ ਸੱਜਣ', ਹੀਰ ਹੱਸ ਕੇ ਮਿਹਰਵਾਨ ਹੋਈ।
ਕੱਛੇ ਵੰਝਲੀ ਕੰਨਾਂ ਦੇ ਵਿੱਚ ਵਾਲੇ, ਜ਼ੁਲਫ਼ ਮੁਖੜੇ ਤੇ ਪਰੇਸ਼ਾਨ ਹੋਈ।
ਭਿੰਨੇ ਵਾਲ ਚੂਣੇ ਮੱਥੇ ਚੰਦ ਰਾਂਝਾ, ਨੈਯੀਂ ਕੱਜਲੇ ਦੀ ਘਮਸਾਨ ਹੋਈ।
ਸੂਰਤ ਯੂਸਫ਼ ਦੀ ਵੇਖ ਤੈਮੂਸ ਬੇਟੀ, ਸਣੇ ਮਾਲਕੇ ਬਹੁਤ ਹੈਰਾਨ ਹੋਈ।
ਨੈਣ ਮਸਤ ਕਲੇਜੜੇ ਵਿੱਚ ਧਾਣੇ, ਜਿਵੇਂ ਤਿੱਖੜੀ ਨੋਕ ਸਨਾਨ ਹੋਈ।
ਆਇ ਬਗ਼ਲ ਵਿੱਚ ਬੈਠ ਕੇ ਕਰੇ ਗੱਲਾਂ, ਜਿਵੇਂ ਵਿੱਚ ਕਿਰਬਾਨ ਕਮਾਨ ਹੋਈ।
ਭਲਾ ਹੋਇਆ ਮੈਂ ਤੈਨੂੰ ਨਾ ਮਾਰ ਬੈਠੀ, ਕਾਈ ਨਹੀਂ ਸੀ ਗੱਲ ਬੇਸ਼ਾਨ ਹੋਈ।
ਰੂਪ ਜੱਟ ਦਾ ਵੇਖ ਕੇ ਜਾਗ ਲਧੀ, ਹੀਰ ਘੋਲ ਘੱਤੀ ਕੁਰਬਾਨ ਹੋਈ।
ਵਾਰਿਸ ਸ਼ਾਹ ਨਾ ਥਾਉਂ ਦਮ ਮਾਰਨੇ, ਦੀ ਚਾਰ ਚਸ਼ਮ ਦੀ ਜਦੋਂ ਘਮਸਾਨ ਹੋਈ।

14×1=14

## ਭਾਗ ਚੌਥਾ

6. ਨੋਟ: ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:-

ੳ. 'ਵਾਰਿਸ ਸ਼ਾਹ' ਦੇ ਬਾਰੇ ਸੰਖੇਪ ਟਿੱਪਣੀ ਕਰੋ।
ਅ. 'ਹੀਰ' ਦਾ ਕਿੱਸਾ ਲਿਖਣ ਵਾਲੇ ਚਾਰ ਕਿੱਸਾਕਾਰਾਂ ਦੇ ਨਾਂ ਲਿਖੋ।
ੲ. ਜੰਗਨਾਮਾ ਤੇ ਵਾਰ-ਕਾਵਿ ਵਿਚ ਅੰਤਰ ਦੱਸੋ।
ਸ. ਸੱਸੀ ਤੇ ਪੁੰਨੂੰ ਦੇ ਪਿੰਡਾਂ ਦੇ ਨਾਂ ਕੀ ਸਨ?
ਹ. ਗੁਰੂ ਗੋਬਿੰਦ ਸਿੰਘ ਦੀਆਂ ਚਾਰ ਰਚਨਾਵਾਂ ਦੇ ਨਾਂ ਲਿਖੋ।
ਕ. ਸਪਤਸਤੀ ਤੋਂ ਕੀ ਭਾਵ ਹੈ?
ਖ. ਸੱਸੀ ਤੇ ਪੁੰਨੂੰ ਦੀ ਪਹਿਲੀ ਮੁਲਾਕਾਤ ਕਿੱਥੇ ਹੋਈ ਸੀ? 2×7=14

Scanned with CamScanner

Unique code : 212304(i)

Roll no....

M.A ( Punjabi ) Sem. I - I
Punjabi Course No. 304 ( Option i )
Paper : Gurmat Kaav : History , Theory and Tendencies
Admission : 2009 and onwards
Regular ( Nov - Dec.2017)

Time : 3 hours | Max. Marks : 70

ਨੋਟ : ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ । ਸਾਰੇ ਭਾਗ ਲਾਜ਼ਮੀ ਹਨ । ਹਰ ਭਾਗ ਦੇ ਮੁੱਢ ਵਿਚ ਦਰਜ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ ।

## ਭਾਗ ਪਹਿਲਾ

ਨੋਟ : ਹੇਠ ਲਿਖਿਆਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਉ ।

1. ਗੁਰਬਾਣੀ ਦੇ ਕਾਵਿ - ਸ਼ਾਸਤਰ ਨਾਲ ਸੰਬੰਧਤ ਮਸਲਾ ਕੀ ਹੈ ? ਚਰਚਾ ਕਰੋ । 14
2. ਗੁਰਮਤਿ - ਕਾਵਿ ਦਾ ਦਾਰਸ਼ਨਿਕ ਪਰਿਪੇਖ ਉਸਾਰੋ ।

## ਭਾਗ ਦੂਜਾ

ਨੋਟ : ਹੇਠ ਲਿਖਿਆਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਉ ।

3. 'ਸੁਖਮਨੀ' ਸਾਹਿਬ ਬਾਣੀ ਵਿਚ ਪੇਸ਼ ਸੁੱਖ ਦੇ ਸੰਕਲਪ ਬਾਰੇ ਚਰਚਾ ਕਰੋ ।
4. 'ਆਸਾ ਦੀ ਵਾਰ' ਦਾ ਵਿਚਾਰਧਾਰਕ ਅਧਿਐਨ ਪੇਸ਼ ਕਰੋ।
5. 'ਜਾਪੁ' ਸਾਹਿਬ ਬਾਣੀ ਦੀ ਭਾਸ਼ਾਈ ਬਣਤਰ ਉਪਰ ਉਦਾਹਰਣਾਂ ਸਹਿਤ ਚਰਚਾ ਕਰੋ।

2x14=28

## ਭਾਗ ਤੀਜਾ

ਨੋਟ : ਹੇਠ ਲਿਖਿਆਂ ਵਿੱਚੋਂ ਕਿਸੇ ਇਕ ਬਾਣੀ-ਬੰਦ ਦਾ ਵਿਹਾਰਕ ਵਿਸ਼ਲੇਸ਼ਣ ਕਰੋ :-

6(i) ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥
ਅਨਿਕ ਪੁਨਹਚਰਨ ਕਰਤ ਨਹੀ ਤਰੈ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥
ਨਾਨਕ ਪਾਵਹੁ ਸੂਖ ਘਨੇਰੇ ॥

(ii) ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

Scanned with CamScanner

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥ 14

ਭਾਗ ਚੋਥਾ

7.ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਉ ।

1. 'ਜਾਪੁ' ਸਾਹਿਬ ਬਾਣੀ ਦੀ ਵਿਰੋਧਾਭਾਸ਼ੀ ਸ਼ੈਲੀ ਤੋਂ ਕੀ ਭਾਵ ਹੈ ?
2. ਵਾਰ ਤੇ ਅਧਿਆਤਮਿਕ ਵਾਰ ਵਿਚਲਾ ਅੰਤਰ ਸਪੱਸ਼ਟ ਕਰੋ ।
3. ਗੁਰਮਤਿ ਪਰੰਪਰਾ ਤੋਂ ਕੀ ਭਾਵ ਹੈ ?
4. ਬਾਣੀ ਤੇ ਕਵਿਤਾ ਵਿਚਲਾ ਅੰਤਰ ਸਪੱਸ਼ਟ ਕਰੋ।
5. 'ਸੁਖਮਨੀ' ਸੰਕਲਪ ਦੀ ਵਿਆਖਿਆ ਕਰੋ ।
6. ਅਸ਼ਟਪਦੀ ਤੋਂ ਕੀ ਭਾਵ ਹੈ? **2x7=14**
7. ਮੂਲ ਮੰਤਰ ਨੂੰ ਸ਼ੁੱਧ ਸ਼ਬਦ-ਜੋੜਾਂ ਸਾਹਿਤ ਲਿਖੋ ।

........

Scanned with CamScanner

PaperCode: 212304(ii)

**Department of Punjabi, University of Delhi-07**

**Roll No......**

**M.A. Punjabi Sem.II.I**

**Paper: Bhagti Kav:Sidhant,Itihas Ate Parvirtian**

**Regular-Optional Paper no:304(ii)**

**( Nov-Dec 2017)**

ਕੁੱਲ ਸਮਾਂ : ਤਿੰਨ ਘੰਟੇ ਅੰਕ-70

ਨੋਟ-ਪਹਿਲੇ ਭਾਗ ਵਿਚੋਂ ਇਕ, ਦੂਜੇ ਵਿਚੋਂ ਦੋ, ਤੀਜੇ ਵਿਚੋਂ ਇਕ ਪ੍ਰਸ਼ਨ ਕਰੋ। ਚੌਥੇ ਭਾਗ ਦੇ ਸਾਰੇ ਪ੍ਰਸ਼ਨ ਕਰੋ।

ਭਾਗ- ਪਹਿਲਾ 14

1. ਭਗਤੀ ਕਾਲ ਦੇ ਮੁੱਢਲੇ ਕਵੀ ਗੁਰਮਤਿ ਸਾਹਿਤ ਦੇ ਵਿਕਾਸ ਦੇ ਬੀਜ-ਅੰਸ਼ ਵਜੋਂ ਦੇਖੇ ਜਾ ਸਕਦੇ ਹਨ। ਚਰਚਾ ਕਰੋ।

ਜਾਂ

ਭਗਤ ਬਾਣੀ ਮੱਧ-ਕਾਲੀਨ ਯੁਗ ਵਿਚ ਧਾਰਮਿਕ ਵਿਸ਼ਵਾਸ ਦੀ ਇਕ ਨਵੀ ਕ੍ਰਾਂਤੀ ਲੈ ਕੇ ਆਉਦੀ ਹੈ। ਉਦਾਹਰਣਾ ਸਹਿਤ ਸਪੱਸ਼ਟ ਕਰੋ।

ਭਾਗ- ਦੂਜਾ 14x2=28

2. ਭਗਤ ਕਬੀਰ ਦੀ ਰਚਨਾ ਨਿਰਗੁਣ ਵਿਚਾਰਧਾਰਾ ਨੂੰ ਧਾਰਨ ਕਰਦੀ ਹੋਈ ਸਮਕਾਲੀ ਸਮਾਜਕ ਸਥਿਤੀਆਂ ਨੂੰ ਸੰਬੋਧਨ ਕਰਦੀ ਹੈ। ਚਰਚਾ ਕਰੋ।

3. ਭਗਤ ਰਵਿਦਾਸ ਜੀ ਦੀ ਬਾਣੀ ਦਾ ਵਿਸ਼ੈਗਤ ਅਧਿਐਨ ਪੇਸ਼ ਕਰੋ।

4. ਸੰਤ ਨਾਮਦੇਵ ਦੇ ਜੀਵਨ ਰਚਨਾ ਬਾਰੇ ਦਸਦੇ ਹੋਏ ਭਗਤ ਬਾਣੀ ਵਿਚ ਸ਼ਥਾਨ

Scanned with CamScanner

ਨਿਸ਼ਚਿਤ ਕਰੋ।

COPY

ਭਾਗ- ਤੀਜਾ

5. ਹੇਠ ਲਿਖਿਆਂ ਵਿਚੋ ਕਿਸੇ ਇਕ ਬੰਦ ਦੀ ਵਿਵਹਾਰਕ ਸਮੀਖਿਆ ਕਰੋ: 14

ਮੇਰੀ ਜਾਤਿ ਕਮੀਨੀ, ਪਾਤਿ ਕਮੀਨੀ,

ਓਛਾ ਜਨਮੁ ਹਮਾਰਾ॥

ਤੁਮ ਸਰਨਾਗਤਿ ਰਾਜਾ ਰਾਮ ਚੰਦ,

ਕਹਿ ਰਵਿਦਾਸ ਚਮਾਰਾ॥

ਜਾਂ

ਗਰਭਵਾਸ ਮਹਿ ਕੁਲੁ ਨਹੀ ਜਾਤੀ। ਬ੍ਰਹਮ ਬਿੰਦੁ ਤੇ ਸਭ ਉਤਪਾਤੀ।

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ। ਬਾਮਨ ਕਹਿ ਕਹਿ ਜਨਮੁ ਮਤ ਖੋਏ॥

ਜੋ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ। ਤਉ ਆਨ ਬਾਟ ਕਾਹੇ ਨਹੀ ਆਇਆ॥

ਭਾਗ ਚੌਥਾ 7x2=14

6. ਹੇਠ ਲਿਖੇ ਪ੍ਰਸ਼ਨਾ ਦੇ ਸੰਖੇਪ ਉਤਰ ਦਿਉ।

(ੳ) ਭਗਤੀ ਲਹਿਰ ਦੇ ਕਾਲ ਬਾਰੇ ਜਾਣਕਾਰੀ ਦਿਉ?

(ਅ) ਭਗਤੀ ਲਹਿਰ ਨੂੰ ਕਿਨ੍ਹਾਂ ਸ਼ਬਦਾਂ ਵਿਚ ਪ੍ਰੀਭਾਸ਼ਿਤ ਕੀਤਾ ਜਾ ਸਕਦਾ ਹੈ ?

(ੲ) ਭਗਤ ਬਾਣੀ ਵਿਚ ਨਿਰਗੁਣ ਦੇ ਸੰਕਲਪ ਦਾ ਅਰਥ ਸਪੱਸ਼ਟ ਕਰੋ?

(ਸ) ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਿਉ ਸੰਕਲਿਤ ਕੀਤਾ ਗਿਆ ?

(ਹ) ਭਗਤ ਨਾਮਦੇਵ ਅਤੇ ਭਗਤ ਰਵਿਦਾਸ ਦੀ ਬਾਣੀ ਵਿਚ ਵਿਚਾਰਧਾਰਕ ਸਮਾਨਤਾ ਨੂੰ ਸਪੱਸ਼ਟ ਕਰੋ।

(ਕ) ਭਗਤ ਕਬੀਰ ਦੇ ਜੀਵਨ ਕਾਲ ਬਾਰੇ ਜਾਣਕਾਰੀ ਦਿਉ।

(ਖ) ਭਗਤ ਰਵਿਦਾਸ ਕਿਸ ਕਿੱਤੇ ਨਾਲ ਸੰਬੰਧ ਰੱਖਦੇ ਸਨ?

Scanned with CamScanner